# ਸੰਗਤਿ
## ਭਾਗ–13

'ਸੰਜੋਗ' ਦਾ ਉਲਟਾ ਪਖ 'ਵਿਜੋਗ' ਹੈ ।

'ਸੰਜੋਗ' ਦੁਆਰਾ ਜੀਵਾਂ ਦਾ 'ਮੇਲ' ਅਥਵਾ 'ਸੰਗਤ' ਹੁੰਦੀ ਹੈ ।

'ਵਿਜੋਗ' ਦੁਆਰਾ 'ਵਿਛੋੜਾ' ਹੁੰਦਾ ਹੈ ।

ਸਾਰੀ ਕਾਇਨਾਤ 'ਸੰਜੋਗ' ਯਾ 'ਵਿਜੋਗ' ਵਿਚ ਵਿਚਰ ਰਹੀ ਹੈ ਅਤੇ ਇਹਨਾਂ ਦੇ ਅਸਰ ਹੇਠ ਜੀਵਨ ਢਾਲਦੀ ਅਤੇ ਨਤੀਜੇ ਭੋਗਦੀ ਹੈ ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ (ਪੰਨਾ–6)

ਜੀਅ ਜੰਤ ਸਭਿ ਤੇਰਾ ਖੇਲੁ ॥
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥ (ਪੰਨਾ–11)

ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥ (ਪੰਨਾ–509)

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ (ਪੰਨਾ–1007)

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥
ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ (ਪੰਨਾ–1032)

ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥ (ਪੰ.–1058)

ਕਾਇਨਾਤ ਦੇ ਜ਼ੱਰੇ–ਜ਼ੱਰੇ ਵਿਚ ਇਲਾਹੀ 'ਜੋਤ' ਰਵਿ ਰਹੀ ਹੈ — ਜਿਸ ਕਾਰਣ ਸਾਰੀ ਕਾਇਨਾਤ ਅਕਾਲ ਪੁਰਖ ਦੀ 'ਅੰਸ਼' ਹੈ ।

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ (ਪੰਨਾ–871)

ਕੰਚਨ ਕਾਇਆ ਨਿਰਮਲ ਹੰਸੁ ॥
ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ (ਪੰਨਾ–1256)

ਅਕਾਲ ਪੁਰਖ 'ਪ੍ਰੇਮ ਸਰੂਪ' ਹੈ । ਇਸ ਲਈ ਕਾਇਨਾਤ ਦੇ ਜ਼ੱਰੇ–ਜ਼ੱਰੇ ਵਿਚ ਇਲਾਹੀ

'ਪ੍ਰੇਮ ਦੀ ਅੰਸ਼' ਪ੍ਰਵੇਸ਼ ਹੈ, ਅਤੇ ਹਰ ਇਕ 'ਜੀਵ' ਇਸੇ 'ਪ੍ਰੇਮ ਡੋਰੀ' ਵਿਚ ਪ੍ਰੋਤੇ ਹੋਏ ਹਨ। ਕਾਇਨਾਤ ਦਾ ਜ਼ੱਰਾ-ਜ਼ੱਰਾ, ਅਪਣੇ 'ਸੋਮੇ'—ਅਕਾਲ ਪੁਰਖ ਵਲ, ਅਤੇ ਇਕ-ਦੂਜੇ ਵਲ ਇਸ ਪ੍ਰੇਮ-ਡੋਰੀ ਦੁਆਰਾ ਖਿੱਚੀਂਦਾ ਜਾ ਰਿਹਾ ਹੈ ।

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ-827)

ਇਸ ਗੁਪਤੀ ਇਲਾਹੀ 'ਪ੍ਰੇਮ ਖਿੱਚ' (gravity) ਨੂੰ ਹੀ 'ਸੰਜੋਗ' ਕਿਹਾ ਜਾਂਦਾ ਹੈ—ਜਿਸ ਨਾਲ ਜੀਵਾਂ ਦਾ ਆਪਸ ਵਿਚ 'ਮੇਲ-ਮਿਲਾਪ' ਯਾ 'ਸੰਗਤ' ਹੁੰਦੀ ਹੈ ।

ਇਹ 'ਸੰਜੋਗ' ਯਾ ਇਲਾਹੀ 'ਪ੍ਰੇਮ ਡੋਰੀ' ਕੁਦਰਤੀ ਤੌਰ ਤੇ ਸਹਜ-ਸੁਭਾਇ ਸਾਡੇ ਅੰਤ੍-ਆਤਮੇ ਇਕ-ਦੂਜੇ ਨੂੰ ਖਿੱਚ 'ਪਾਉਂਦੀ' ਅਤੇ ਖਿੱਚ 'ਖਾਂਦੀ' ਹੈ, ਜਿਸ ਦੁਆਰਾ ਸਾਡਾ ਆਪਸ ਵਿਚ—

ਮੇਲ
ਸੰਗ
ਸੰਗਤ
ਸਤ ਸੰਗਤ
ਸਾਧ ਸੰਗਤ
ਲੇਵਾਦੇਵੀ

ਹੁੰਦੀ ਰਹਿੰਦੀ ਹੈ ।

ਐਸੀ ਦੈਵੀ 'ਸਤ-ਸੰਗਤ' ਦੁਆਰਾ ਅਸੀਂ ਅਨੇਕਾਂ ਆਤਮਿਕ 'ਗੁਣਾਂ' ਦੀ—

ਸਾਂਝ ਕਰਦੇ ਹਾਂ
ਵਣਜ ਕਰਦੇ ਹਾਂ
ਲੇਵਾ-ਦੇਵੀ ਕਰਦੇ ਹਾਂ
'ਅਸਰ' ਲੈਂਦੇ-ਦਿੰਦੇ ਹਾਂ
'ਛੋਹ' (infection) ਲਗਦੀ ਹੈ
'ਪ੍ਰੇਮ-ਪਿਆਲਾ' ਪੀਂਦੇ ਹਾਂ
ਸਾਕੀ ਹੋ ਕੇ ਪਿਲਾਉਂਦੇ ਹਾਂ
ਮਸਤ-ਮਤਵਾਲੇ ਹੁੰਦੇ ਹਾਂ
'ਬੈ-ਖਰੀਦ ਗੋਲੇ' ਬਣਦੇ ਹਾਂ
'ਆਪ ਗਵਾਇ ਸੇਵਾ' ਕਰਦੇ ਹਾਂ

ਇਹਨਾਂ ਅਮੋਲਕ ਇਲਾਹੀ 'ਦਾਤਾਂ' ਲਈ ਸਾਨੂੰ ਕੋਈ 'ਘਾਲਣਾ' ਯਾ ਜ਼ਫਰ ਜਾਲਣੇ ਨਹੀਂ ਪੈਂਦੇ । ਇਹ ਆਤਮਿਕ 'ਖਜ਼ਾਨਾ' ਸਾਨੂੰ 'ਆਤਮਿਕ ਪਿਤਾ' ਦੀ 'ਅੰਸ਼' ਹੋਣ ਦੇ ਨਾਤੇ 'ਵਿਰਾਸਤ' ਵਿਚ ਸਹਿਜ-ਸੁਭਾਇ ਪ੍ਰਦਾਨ ਹੁੰਦਾ ਹੈ ।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ (ਪੰਨਾ-186)

ਇਸ 'ਨਾਮ' ਖਜ਼ਾਨੇ ਨੂੰ ਸੰਗੀਆਂ-ਸਾਥੀਆਂ ਨਾਲ ਸਾਧ ਸੰਗਤ ਅਥਵਾ 'ਸੰਤ ਮੰਡਲੀ' ਵਿਚ ਸਾਂਝਿਆਂ ਕਰਨ ਦਾ ਹੁਕਮ ਹੈ ।

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥ (ਪੰਨਾ-186)

ਜੋ ਹਰਿ ਦਸੇ ਮਿਤੁ ਤਿਸੁ ਹਉ ਬਲਿ ਜਾਈ ॥
ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥ (ਪੰਨਾ-647)

ਜ਼ਰੂਰੀ ਗਲ ਇਹ ਹੈ ਕਿ ਇਹਨਾਂ ਆਤਮਿਕ ਗੁਣਾਂ ਅਥਵਾ ਬਰਕਤਾਂ ਦੇ ਅਸੀਂ ਉਦੋਂ ਤਾਂਈ ਸਾਂਝੀਵਾਲ ਅਥਵਾ ਹੱਕਦਾਰ ਹੁੰਦੇ ਹਾਂ ਜਦ ਤਾਂਈ, ਅਸੀਂ ਅਕਾਲ ਪੁਰਖ ਦੇ 'ਵਾਰਸ' ਬਣੇ ਰਹਾਂਗੇ, ਅਥਵਾ ਸਾਡਾ ਆਤਮਿਕ 'ਸੰਜੋਗ' ਬਣਿਆ ਰਹੇ, ਅਤੇ ਅਸੀਂ ਇਲਾਹੀ 'ਪ੍ਰੀਤ-ਡੋਰੀ' ਵਿਚ ਪ੍ਰੋਤੇ ਰਹੀਏ ।

ਦੂਜੇ ਲਫ਼ਜ਼ਾਂ ਵਿਚ ਜਦ ਤਾਂਈ ਅਸੀਂ ਇਲਾਹੀ 'ਹੁਕਮ' ਵਿਚ 'ਸੁਰ' (in tune) ਹੋਏ ਰਹਾਂਗੇ, ਤਦ ਤਾਂਈ ਸਾਡਾ ਆਤਮਿਕ 'ਸੰਜੋਗ' ਯਾ 'ਨਾਤਾ' ਬਣਿਆ ਰਹੇਗਾ ਅਤੇ ਅਸੀਂ ਇਲਾਹੀ ਵਿਰਾਸਤ ਦੇ ਹੱਕਦਾਰ ਰਹਾਂਗੇ ।

ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥ (ਪੰਨਾ-773)

ਜਦ ਸਾਡੇ ਮਨ ਉਤੇ 'ਮਾਇਆ-ਮੋਹਣੀ' ਦੀ 'ਕੁਸੰਗਤ' ਦੁਆਰਾ ਕੂੜਾ ਰੰਗ ਚੜ੍ਹ ਜਾਂਦਾ ਹੈ ਤਾਂ 'ਹਉਮੈ' ਦੇ 'ਭਰਮ-ਭੁਲਾਵੇ' ਵਿਚ ਸਾਡਾ ਆਤਮਿਕ 'ਨਾਤਾ' ਸਾਡੀ ਚੇਤਨਤਾ ਵਿਚੋਂ ਮਿਟ ਜਾਂਦਾ ਹੈ, ਤੇ ਅਸੀਂ ਆਪਣੀ ਆਤਮਿਕ 'ਵਿਰਾਸਤ' ਨੂੰ 'ਭੁਲ' ਜਾਂਦੇ ਹਾਂ ।

ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ (ਪੰਨਾ-375)

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ
ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥ (ਪੰਨਾ-435)

ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥ (ਪੰਨਾ-486)

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ (ਪੰਨਾ–710)

ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥ (ਪੰਨਾ–921)

ਇਸ ਤਰ੍ਹਾਂ 'ਮੋਹ–ਮਾਇਆ' ਦੇ ਭਰਮ–ਭੁਲਾਵੇ ਵਿਚ ਆਪਣੇ ਇਲਾਹੀ 'ਵਿਰਸੇ' ਨੂੰ 'ਭੁਲਣਾ' ਹੀ 'ਵਿਜੋਗ' ਹੈ ।

ਇਸ 'ਵਿਜੋਗ' ਦੇ ਕਾਰਣ ਅਸੀਂ—

ਆਤਮਿਕ ਵਿਰਾਸਤ ਨੂੰ 'ਭੁਲ' ਜਾਂਦੇ ਹਾਂ
'ਮੋਹ–ਮਾਇਆ' ਵਿਚ 'ਫਸ' ਜਾਂਦੇ ਹਾਂ
ਪਰਮਾਤਮਾ ਤੋਂ 'ਬੇਮੁਖ' ਹੋ ਜਾਂਦੇ ਹਾਂ
'ਮੈਂ–ਮੇਰੀ' ਵਿਚ ਵਿਚਰਦੇ ਹਾਂ
ਪੰਚ ਬਿਖਾਦੀਆਂ ਦੀ 'ਕੁਸੰਗਤ' ਕਰਦੇ ਹਾਂ
ਮਾਇਆ ਵਿਚ 'ਗਲਤਾਨ' ਹੋ ਕੇ ਦੁਖੀ ਹੁੰਦੇ ਹਾਂ
ਹਉਮੈ ਵਿਚ 'ਕਰਮ–ਬੱਧ' ਹੁੰਦੇ ਹਾਂ
ਆਵਾਗਵਨ ਦੇ ਚੱਕਰ ਵਿਚ ਪੈਂਦੇ ਹਾਂ
ਜਮਾਂ ਦੇ ਵੱਸ ਪੈਂਦੇ ਹਾਂ ।

ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥ (ਪੰਨਾ–60)

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (ਪੰਨਾ–135)

ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥ (ਪੰਨਾ–136)

ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥ (ਪੰਨਾ–431)

ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥ (ਪੰਨਾ–1010)

ਜਦ ਤਾਂਈ ਸਾਡਾ ਮਨ ਅਕਾਲ ਪੁਰਖ ਦੀ 'ਪ੍ਰੀਤ ਡੋਰੀ' ਨਾਲ ਖਿੱਚਿਆ ਰਹਿੰਦਾ ਹੈ ਤਦ ਤਾਂਈਂ ਅਸੀਂ—

ਇਲਾਹੀ ਵਿਰਾਸਤ ਦੇ ਹੱਕਦਾਰ ਹੁੰਦੇ ਹਾਂ
ਪਰਮਾਤਮਾ ਦੀ 'ਯਾਦ' ਵਿਚ ਹੁੰਦੇ ਹਾਂ

'ਸਤ ਸੰਗਤ' ਕਰਦੇ ਹਾਂ
'ਸਾਧ ਸੰਗਤ' ਕਰਦੇ ਹਾਂ
'ਗੁਰ ਸੰਗਤ' ਕਰਦੇ ਹਾਂ
ਆਤਮਿਕ 'ਰੰਗ' ਮਾਣਦੇ ਹਾਂ
ਆਤਮਿਕ 'ਰਸ' ਮਾਣਦੇ ਹਾਂ
ਆਤਮਿਕ ਗੁਣਾਂ ਦੀ 'ਲੇਵਾ-ਦੇਵੀ' ਕਰਦੇ ਹਾਂ
ਇਲਾਹੀ ਖਜ਼ਾਨੇ ਦੀ 'ਸਾਂਝ' ਕਰਦੇ ਹਾਂ
ਆਤਮਿਕ 'ਵਣਜ' ਕਰਦੇ ਹਾਂ
ਆਤਮਿਕ 'ਸੰਜੋਗ' ਮਾਣਦੇ ਹਾਂ ।

ਉਪਰਲੀ ਵਿਚਾਰ ਦਾ ਨਿਚੋੜ ਇਹ ਹੈ ਕਿ ਆਪਣੀ ਆਤਮਿਕ 'ਵਿਰਾਸਤ' ਅਥਵਾ ਅਕਾਲ ਪੁਰਖ ਨੂੰ ਸਾਧ ਸੰਗਤ ਵਿਚ ਸਿਮਰਨ ਦੁਆਰਾ—

'ਯਾਦ' ਕਰਨਾ ਹੀ 'ਸੰਜੋਗ' ਹੈ ।

ਨਾਮੁ ਹਮਾਰੈ ਸਉਣ ਸੰਜੋਗ ॥ (ਪੰਨਾ-1145)

ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥ (ਪੰਨਾ-1258)

ਇਸ ਦੇ ਐਨ ਉਲਟ, ਮਾਇਆ ਦੀ 'ਕੁਸੰਗਤ' ਦੁਆਰਾ, ਹਉਮੈ ਦੇ ਭਰਮ-ਭੁਲਾਵੇ ਵਿਚ ਆਤਮਿਕ 'ਵਿਰਾਸਤ' ਨੂੰ—

'ਭੁਲ' ਜਾਣਾ ਹੀ 'ਵਿਜੋਗ' ਹੈ ।

ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥ (ਪੰਨਾ-760)

ਦੂਜੇ ਲਫ਼ਜ਼ਾਂ ਵਿਚ 'ਵਿਜੋਗ' ਦੁਆਰਾ ਵਿਛੁੜਿਆ ਹੋਇਆ 'ਜੀਵ' ਆਤਮ ਰੰਗ ਵਾਲੀ 'ਸਤ ਸੰਗਤ' ਅਥਵਾ 'ਸਾਧ ਸੰਗਤ' ਦੇ ਮੇਲ ਦੁਆਰਾ ਹੀ, ਮੁੜ ਅਕਾਲ ਪੁਰਖ ਨਾਲ 'ਸੰਜੋਗੀ ਮੇਲ' ਕਰ ਸਕਦਾ ਹੈ ।

ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥
ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥ (ਪੰਨਾ-817)

ਤਦੇ ਗੁਰਬਾਣੀ ਵਿਚ 'ਸਾਧ ਸੰਗਤ' ਕਰਨ ਦਾ ਤਾਕੀਦੀ ਹੁਕਮ ਹੈ—

ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ (ਪੰਨਾ-49)

ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ-196)

ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ (ਪੰਨਾ–257)

'ਜੀਵ'—ਇਸ 'ਮਨ ਮੋਹਣੀ' ਮਾਇਆ ਦੀ 'ਕੁਸੰਗਤ' ਵਿਚ ਹਉਮੈ ਦੇ ਭਰਮ–ਭੁਲਾਵੇ ਅੰਦਰ ਪਲਚ–ਪਲਚ ਕੇ ਤ੍ਰਾਹ–ਤ੍ਰਾਹ ਕਰ ਰਹੇ ਹਨ ।

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ–133)

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥
(ਪੰਨਾ–683)

ਇਹ ਮਾਇਆ–ਵੇੜ੍ਹੇ 'ਜੀਵ' ਆਪਣੇ ਆਤਮਿਕ 'ਮਾਤਾ–ਪਿਤਾ' ਅਥਵਾ ਅਕਾਲ ਪੁਰਖ ਨੂੰ ਭੁਲ ਕੇ ਆਪਣੀ ਇਲਾਹੀ ਵਿਰਾਸਤ ਤੋਂ ਵਾਂਝੇ ਰਹਿੰਦੇ ਹਨ ਅਤੇ ਨਰਕ ਭੋਗਦੇ ਹਨ ।

ਮਨਮੁਖੁ ਰੋਗੀ ਹੈ ਸੰਸਾਰਾ ॥
ਸੁਖਦਾਤਾ ਵਿਸਰਿਆ ਅਗਮ ਅਪਾਰਾ ॥ (ਪੰਨਾ–118)

ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥ (ਪੰਨਾ–298)

ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥ (ਪੰਨਾ–322)

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥
(ਪੰਨਾ–613)

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥ (ਪੰਨਾ–708)

ਜੇਕਰ ਜੀਵ, ਅਤਿ ਦੁਖੀ ਹੋ ਕੇ, ਰਬ ਵਲ ਮੂੰਹ ਮੋੜਦਾ ਭੀ ਹੈ ਤਾਂ ਉਹ ਅਖੌਤੀ ਸੰਗਤ ਦੇ ਅਸਰ ਹੇਠ ਫੋਕੇ ਕਰਮ–ਕਾਂਡਾਂ ਵਿਚ ਹੀ ਫਸਿਆ ਰਹਿੰਦਾ ਹੈ, ਅਤੇ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਦਿੰਦਾ ਹੈ ।

ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥ (ਪੰਨਾ–928)

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ (ਪੰ.–1247)

ਕੂਰ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ (ਸਵੱਯੇ ਪਾ: 10)

ਜੇਕਰ ਕੋਈ ਵਿਰਲਾ 'ਜੀਵ', ਆਪਣੇ ਨਰਕਮਈ ਦੁਖੀ ਜੀਵਨ ਤੋਂ ਤੰਗ ਆ ਕੇ, ਤ੍ਰਾਹ-ਤ੍ਰਾਹ ਕਰਕੇ, ਸਤਿਗੁਰੂ ਦੀ ਸ਼ਰਣ ਆਵੇ, ਤਾਂ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਉਸਨੂੰ ਸੱਚੀ-ਸੁੱਚੀ ਆਤਮਿਕ ਜੀਵਨ ਵਾਲੀ 'ਸਤ ਸੰਗਤ'-'ਸਾਧ ਸੰਗਤ' ਅਥਵਾ 'ਸੰਤ ਮੰਡਲੀ' ਦੀ 'ਸੰਗਤ' ਪ੍ਰਾਪਤ ਹੁੰਦੀ ਹੈ ।

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-71)

ਕਿਰਪਾ ਨਿਧਿ ਕਿਰਪਾਲ ਧਿਆਵਉ ॥
ਸਾਧਸੰਗਿ ਤਾ ਬੈਠਣੁ ਪਾਵਉ ॥ (ਪੰਨਾ-183)

ਕਹੁ ਨਾਨਕ ਜਾ ਕਉ ਭਏ ਦਇਆਲਾ ॥
ਸਾਧ ਸੰਗਿ ਮਿਲਿ ਭਜਹਿ ਗੁੋਪਾਲਾ ॥ (ਪੰਨਾ-190)

ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥
ਨਾਮੁ ਨਾਨਕ ਸਾਧੂ ਸੰਗਿ ਮਿਲੈ ॥ (ਪੰਨਾ-211)

ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥ (ਪੰਨਾ-239)

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ (ਪੰਨਾ-293)

ਭਏ ਕ੍ਰਿਪਾਲ ਗੁਪਾਲ ਗੋਬਿੰਦ ॥
ਸਾਧਸੰਗਿ ਨਾਨਕ ਬਖਸਿੰਦ ॥ (ਪੰਨਾ-391)

ਜਿੰਨਾਂ ਚਿਰ 'ਜੀਵ' ਨੂੰ ਐਸੀ ਆਤਮਿਕ ਰੰਗ-ਰਸ ਵਾਲੀ ਅਥਵਾ 'ਪ੍ਰੇਮਾ ਭਗਤੀ' ਵਾਲੀ 'ਸਾਧ ਸੰਗਤ' ਨਹੀਂ ਮਿਲਦੀ—ਉਨ੍ਹਾਂ ਚਿਰ ਉਹ ਮੋਹ-ਮਾਇਆ ਦੇ ਚਲਿਤ੍ਰ ਵਿਚੋਂ ਨਹੀਂ ਨਿਕਲ ਸਕਦਾ ਅਤੇ ਨਾ ਹੀ ਉਸ ਨੂੰ ਆਤਮਿਕ ਮੰਡਲ ਅਥਵਾ ਅਪਣੀ ਆਤਮਿਕ ਵਿਰਾਸਤ ਦੀ ਸੋਝੀ ਆ ਸਕਦੀ ਹੈ, ਤੇ ਨਾ ਹੀ 'ਆਤਮਿਕ-ਰਸ' ਦਾ ਲਾਹਾ ਲੈ ਸਕਦਾ ਹੈ ।

ਸਾਧਸੰਗਤਿ ਭਗਵਾਨ ਭਜਨ ਬਿਨੁ
ਕਹੀ ਨ ਸਚੁ ਰਹਿਓ ॥ (ਪੰਨਾ-336)

ਖੋਜਤ ਖੋਜਤ ਸੁਨੀ ਇਹ ਸੋਇ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-373)

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ (ਪੰਨਾ-427)

ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ (ਪੰਨਾ-1169)

ਪੂਜਾਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ ॥
ਦਰਸਨੁ ਭੇਟੇ ਬਿਨੁ ਸਤਸੰਗਾ ॥ (ਪੰਨਾ–1305)

ਜਦ ਤਾਂਈ ਅਸੀਂ ਚਾਨਣ ਵਿਚ ਰਹਿ ਕੇ ਰੋਸ਼ਨੀ ਦੀ 'ਸੰਗਤ' ਕਰਦੇ ਹਾਂ ਤਾਂ ਰੋਸ਼ਨੀ ਦੀਆਂ ਬੇਅੰਤ 'ਬਰਕਤਾਂ' ਤੋਂ ਲਾਹਾ ਲੈਂਦੇ ਹਾਂ ।

ਪਰ ਜਦ ਅਸੀਂ ਰੋਸ਼ਨੀ ਤੋਂ ਓਹਲੇ ਹੋ ਜਾਂਦੇ ਹਾਂ ਯਾ 'ਪਿੱਠ' ਦੇ ਦਿੰਦੇ ਹਾਂ ਤਾਂ ਅਸੀਂ 'ਹਨੇਰੇ' ਦੀ 'ਕੁਸੰਗਤ' ਕਰਦੇ ਹਾਂ ਅਤੇ ਹਨੇਰੇ ਵਿਚੋਂ ਉਪਜੇ ਸਾਰੇ ਦੁਖ-ਕਲੇਸ਼ ਭੋਗਦੇ ਹਾਂ ।

ਇਸੇ ਤਰ੍ਹਾਂ ਜਦ ਤਾਂਈ ਸਾਡਾ ਮਨ ਅਕਾਲ ਪੁਰਖ ਦੇ ਸਿਮਰਨ ਦੁਆਰਾ 'ਯਾਦ' ਵਿਚ ਰਹਿੰਦਾ ਹੈ ਤਾਂ ਅਸੀਂ ਅਨੁਭਵੀ ਗਿਆਨ ਦੀ ਰੋਸ਼ਨੀ ਅਥਵਾ 'ਨਾਮ' ਦੀ ਸੰਗਤ ਦੁਆਰਾ ਬੇਅੰਤ 'ਆਤਮਿਕ ਬਰਕਤਾਂ' ਦਾ ਲਾਹਾ ਲੈਂਦੇ ਤੇ ਸੁਖ ਮਾਣਦੇ ਹਾਂ।

ਦੂਜੇ ਪਾਸੇ, ਜਦ ਸਾਡਾ ਮਨ ਪਰਮੇਸ਼ਰ ਨੂੰ 'ਭੁੱਲ' ਜਾਂਦਾ ਹੈ ਤਾਂ ਅਸੀਂ ਅਕਾਲ ਪੁਰਖ ਤੋਂ ਬੇਮੁਖ ਹੋ ਕੇ 'ਮਾਇਆ' ਦੇ ਹਨੇਰ ਵਿਚ ਵਿਚਰਦੇ ਹਾਂ ਅਥਵਾ ਮਾਇਆ ਦੇ ਅਨੇਕਾਂ ਦੂਤਾਂ ਨਾਲ 'ਕੁਸੰਗਤ' ਕਰਦੇ ਹਾਂ ਤੇ ਮੋਹ-ਮਾਇਆ ਵਿਚ ਪਲਚ-ਪਲਚ ਕੇ ਦੁਖ ਭੋਗਦੇ ਹਾਂ ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਪੰਨਾ–135)

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ (ਪੰਨਾ–383)
ਸਰਬ ਦੂਖ ਜਬ ਬਿਸਰਹਿ ਸੁਆਮੀ ॥ (ਪੰਨਾ–394)

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥ (ਪੰਨਾ–522)

ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥ (ਪੰਨਾ–964)

ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥
ਮਾਇਆ ਮੋਹੁ ਸਭੁ ਰੋਗੁ ਕਮਾਇਆ ॥ (ਪੰਨਾ–1064)

ਦੂਜੇ ਲਫ਼ਜ਼ਾਂ ਵਿਚ, ਅਕਾਲ ਪੁਰਖ ਨੂੰ 'ਵਿਸਾਰਨ' ਯਾ 'ਬੇਮੁਖ' ਹੋਣ ਨਾਲ ਹੀ ਅਸੀਂ ਮਾਇਕੀ ਭਰਮ-ਭੁਲਾਵੇ ਦੇ ਮਿੱਠੇ ਮੋਹ ਵਿਚ ਹੀ ਫਸ ਜਾਂਦੇ ਹਾਂ ਅਤੇ 'ਕੁਸੰਗਤ' ਦੁਆਰਾ ਕਰਮ ਕਰਦੇ ਤੇ ਨਤੀਜੇ ਭੁਗਤਦੇ ਹਾਂ ।

ਇਸੇ ਲਈ ਆਤਮਿਕ ਜੀਵਨ ਵਾਲੀ 'ਸਤ ਸੰਗਤ' ਅਥਵਾ 'ਸਾਧ ਸੰਗਤ' ਤੋਂ ਬਿਨਾਂ ਜੀਵ ਦੀ ਤਰਸਯੋਗ ਹਾਲਤ ਹੁੰਦੀ ਹੈ, ਜਿਸ ਨੂੰ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਗਿਆ ਹੈ—

ਸੰਤਾ ਸੇਤੀ ਰੰਗੁ ਨ ਲਾਏ ॥

ਸਾਕਤ ਸੰਗਿ ਵਿਕਰਮ ਕਮਾਏ ॥
ਦੁਲਭ ਦੇਹ ਖੋਈ ਅਗਿਆਨੀ
ਜੜ ਅਪੁਣੀ ਆਪਿ ਉਪਾੜੀ ਜੀਉ ॥ (ਪੰਨਾ–105)

ਮਿਰਤਕ ਦੇਹ ਸਾਧ ਸੰਗ ਬਿਹੂਨਾ ॥
ਆਵਤ ਜਾਤ ਜੋਨੀ ਦੁਖ ਖੀਨਾ ॥ (ਪੰਨਾ–190)

ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ (ਪੰਨਾ–405)

ਮੋਹ ਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ ॥
ਟਿਕਨੁ ਨ ਪਾਵੈ ਬਿਨੁ ਸਤਸੰਗਤਿ
ਕਿਸੁ ਆਗੈ ਜਾਇ ਰੂਆਈਐ ॥ (ਪੰਨਾ–532)

ਸਾਧਸੰਗਤਿ ਬਿਨਾ ਭਾਉ ਨਹੀ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ–694)

ਇਸੇ ਲਈ ਐਸੀ ਆਤਮ ਰੰਗ–ਰਸ ਵਾਲੀ 'ਸਤ ਸੰਗਤ' ਲਈ ਗੁਰਬਾਣੀ ਵਿਚ ਸਾਨੂੰ ਇਉਂ ਜਾਚਨਾ ਕਰਨੀ ਸਿਖਾਈ ਹੈ—

ਸਾਧਸੰਗਿ ਪ੍ਰਭ ਦੇਹੁ ਨਿਵਾਸ ॥ (ਪੰਨਾ–290)

ਹਰਿ ਜੀਉ ਆਗੈ ਕਰੀ ਅਰਦਾਸਿ ॥
ਸਾਧੂ ਜਨ ਸੰਗਤਿ ਹੋਇ ਨਿਵਾਸੁ ॥ (ਪੰਨਾ–415)

ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥ (ਪੰ.–494)

ਹਰਿ ਹਰਿ ਸੰਤ ਮਿਲਹੁ ਮੇਰੇ ਭਾਈ
ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥ (ਪੰਨਾ–650)

ਹਮ ਊਪਰਿ ਕਿਰਪਾ ਕਰਿ ਸੁਆਮੀ
ਰਖੁ ਸੰਗਤਿ ਤੁਮ ਜੁ ਪਿਆਰੀ ॥ (ਪੰਨਾ–666)

ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ
ਹਮ ਸਾਧ ਜਨਾ ਪਗ ਰਾਲੀ ॥ (ਪੰਨਾ–668)

ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥ (ਪੰ.–698)

ਕਹੁ ਨਾਨਕ ਪ੍ਰਭ ਬਖਸ ਕਰੀਜੈ ॥
ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥ (ਪੰਨਾ–738)

ਨਾਨਕ ਕੀ ਪ੍ਰਭ ਬੇਨਤੀ ਸਾਧ ਸੰਗਿ ਸਮਾਉ ॥ (ਪੰਨਾ–745)

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
ਸਾਧਸੰਗਤਿ ਕੈ ਅੰਚਲਿ ਲਾਵਹੁ ॥ (ਪੰਨਾ-801)

ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ
ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥ (ਪੰਨਾ-1032)

ਐਸੀ ਮਾਂਗੁ ਗੋਬਿਦ ਤੇ ॥
ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥
(ਪੰਨਾ-1298)

ਗੁਰਬਾਣੀ ਵਿਚ ਐਸੀ ਆਤਮਿਕ 'ਸਤਸੰਗਤ' ਅਥਵਾ 'ਸਾਧ ਸੰਗਤ' ਦੇ ਗੁਣ 'ਬਹੁਤ ਅਧਿਕਾਈ' ਦਸੇ ਗਏ ਹਨ—ਜਿਨ੍ਹਾਂ ਵਿਚੋਂ ਕੁਝ ਕੁ ਸੰਖੇਪ ਗੁਣਾਂ ਨੂੰ ਹੇਠਾਂ ਦਰਸਾਇਆ ਜਾ ਰਿਹਾ ਹੈ—

'ਸਾਧ ਸੰਗਤ' ਦੁਆਰਾ ਹਰੀ ਅਤੇ ਪ੍ਰਭੂ ਨਾਮ 'ਮਿਠਾ' ਲਗਦਾ ਹੈ—

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ (ਪੰਨਾ-272)

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ-293)

ਸਾਧਸੰਗਿ ਮਨ ਸੋਵਤ ਜਾਗੇ ॥
ਤਬ ਪ੍ਰਭ ਨਾਨਕ ਮੀਠੇ ਲਾਗੇ ॥ (ਪੰਨਾ-386)

ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥ (ਪੰਨਾ-494)

ਸੰਤ ਜਨਾ ਮਿਲਿ ਹਰਿ ਰਸੁ ਪਾਇਆ
ਹਰਿ ਮਨਿ ਤਨਿ ਮੀਠ ਲਗਾਨੀ ॥ (ਪੰਨਾ-1199)

ਸਾਧ ਸੰਗਤ ਦੁਆਰਾ 'ਹਰਿ ਰਸ' ਪ੍ਰਾਪਤ ਹੁੰਦਾ ਹੈ—

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ॥ (ਪੰਨਾ-10)

ਵਡਭਾਗੀ ਹਰਿ ਸੰਤੁ ਮਿਲਾਇਆ ॥
ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥ (ਪੰਨਾ-95)

ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥ (ਪੰਨਾ-374)

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥ (ਪੰਨਾ-446)

ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ ॥ (ਪੰਨਾ-534)

ਸਾਧਸੰਗਤਿ ਮਹਿ ਹਰਿ ਰਸੁ ਪਾਈਐ
ਗੁਰਿ ਮਿਲਿਐ ਜਮ ਭਉ ਭਾਗਾ ॥ (ਪੰਨਾ-598)

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ (ਪੰ.-690)

ਸੰਗਤਿ ਸੰਤ ਮਿਲਹੁ ਸਤਸੰਗਤਿ
ਮਿਲਿ ਸੰਗਤਿ ਹਰਿ ਰਸੁ ਆਵੈਗੋ ॥ (ਪੰਨਾ-1309)

ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ ਕਢੀਜੈ ॥
(ਪੰਨਾ-1326)

'ਸਤਸੰਗਤ' ਵਿਚ ਹੀ ਨਾਮ-ਸਿਮਰਨ ਦੀ ਕਮਾਈ ਹੁੰਦੀ ਹੈ—

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ-12)

ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥ (ਪੰਨਾ-26)

ਸਾਧਸੰਗਿ ਜਪਿਓ ਭਗਵੰਤੁ ॥ (ਪੰਨਾ-183)

ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥
(ਪੰਨਾ-234)

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ (ਪੰਨਾ-262)

ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥ (ਪੰਨਾ-265)

ਸਾਧਸੰਗਿ ਜਪਿਓ ਹਰਿ ਰਾਇ ॥ (ਪੰਨਾ-390)

ਨਾਨਕ ਜਪੀਐ ਮਿਲਿ ਸਾਧਸੰਗਤਿ
ਹਰਿ ਬਿਨੁ ਅਵਰੁ ਨ ਹੋਰੁ ॥ (ਪੰਨਾ-405)

ਗੁਨ ਗੋਬਿੰਦ ਨਿਤ ਗਾਈਐ ॥
ਸਾਧਸੰਗਿ ਮਿਲਿ ਧਿਆਈਐ ॥ (ਪੰਨਾ-624)

ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ

ਲਗਿ ਸੰਗਤਿ ਸਾਧ ਜਨਾ ਕੀ ॥ (ਪੰਨਾ–668)

ਮਨਿ ਜਪੀਐ ਹਰਿ ਜਗਦੀਸ ॥
ਮਿਲਿ ਸੰਗਤਿ ਸਾਧੂ ਮੀਤ ॥ (ਪੰਨਾ–669)

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ ॥ (ਪੰਨਾ–717)

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥ (ਪੰਨਾ–817)

ਸਾਧ ਸੰਗਤਿ ਗੁਰ ਸਬਦੁ ਕਮਾਈ । (ਵਾ. ਭਾ. ਗੁ. 16/1)

ਸਾਧ ਸੰਗਤ ਦੁਆਰਾ ਪ੍ਰਭੂ ਦਾ ਨਾਮ ਹਿਰਦੇ ਵਿਚ ਵਸਦਾ ਹੈ—

ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ (ਪੰਨਾ–51)

ਮਿਲਿ ਸੰਗਤਿ ਮਨਿ ਨਾਮੁ ਵਸਾਈ ॥ (ਪੰਨਾ–95)

ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥ (ਪੰਨਾ–643)

ਸੰਤ ਮੰਡਲ ਮਹਿ ਹਰਿ ਮਨਿ ਵਸੈ ॥ (ਪੰਨਾ–1146)

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥ (ਪੰ.–1417)

ਸਾਧ ਸੰਗਤਿ ਗੁਰੁ ਸਬਦੁ ਵਸਾਇਆ । (ਵਾ. ਭਾ. ਗੁ. 7/11)

ਸਾਧ ਸੰਗਤਿ ਦੁਆਰਾ ਹੀ ਮਨ ਦੀ ਮੈਲ ਮਿਟਦੀ ਅਥਵਾ ਕਟਦੀ ਹੈ ਅਤੇ ਮਨ ਨਿਰਮਲ ਹੁੰਦਾ ਹੈ—

ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥ (ਪੰਨਾ–48)

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ
ਮਿਲਿ ਸੰਗਤੀ ਮਲੁ ਲਹਿ ਜਾਇ ॥ (ਪੰਨਾ–234)

ਸਾਧਸੰਗਿ ਮਲੁ ਸਗਲੀ ਖੋਤ ॥ (ਪੰਨਾ–271)

ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ (ਪੰਨਾ–297)

ਮਨ ਕੀ ਕਟੀਐ ਮੈਲੁ ਸਾਧ ਸੰਗਿ ਵੁਠਿਆ ॥ (ਪੰਨਾ–520)

ਸਾਧਸੰਗਿ ਮਲੁ ਲਾਥੀ ॥
ਪਾਰਬ੍ਰਹਮੁ ਭਇਓ ਸਾਥੀ ॥ (ਪੰਨਾ–625)

ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥ (ਪੰਨਾ–747)

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ (ਪੰਨਾ-1309)

ਸਾਧ ਸੰਗਤਿ ਦੁਆਰਾ ਮਨ ਟਿਕਦਾ ਹੈ ਅਤੇ ਵਸ ਵਿਚ ਆਉਂਦਾ ਹੈ—

ਸਾਧ ਕੈ ਸੰਗਿ ਨ ਕਤਹੂੰ ਧਾਵੈ ॥
ਸਾਧਸੰਗਿ ਅਸਥਿਤਿ ਮਨੁ ਪਾਵੈ ॥ (ਪੰਨਾ-271)

ਸਾਧ ਕੈ ਸੰਗਿ ਨ ਕਬਹੂ ਧਾਵੈ ॥ (ਪੰਨਾ-271)

ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥ (ਪੰਨਾ-257)

ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥
(ਪੰਨਾ-698)

ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥ (ਪੰ.-818)

ਜਾ ਕਉ ਕ੍ਰਿਪਾ ਕਰੀ ਜਗਦੀਸੁਰਿ ਤਿਨਿ ਸਾਧਸੰਗਿ ਮਨੁ ਜਿਤਾ ॥ (ਪੰ.-1117)

ਸਾਧ ਸੰਗਤ ਦੁਆਰਾ 'ਭੈ-ਭਰਮ' ਭੀ ਮਿਟਦਾ ਹੈ—

ਸਾਧਸੰਗਿ ਭੈ ਭਰਮ ਮਿਟਾਇਆ ॥ (ਪੰਨਾ-193)

ਸਾਧ ਸੰਗਿ ਕਛੁ ਭਉ ਨ ਭਰਾਤੀ ॥ (ਪੰਨਾ-194)

ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥ (ਪੰਨਾ-296)

ਸਾਧਸੰਗਿ ਮਿਟੇ ਭਰਮ ਅੰਧਾਰੇ ॥ (ਪੰਨਾ-389)

ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥ (ਪੰਨਾ-810)

ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ ॥ (ਪੰ.-1085)

ਸਾਧ ਸੰਗਤ ਦੁਆਰਾ ਹੀ 'ਆਤਮ-ਪ੍ਰੀਤ' ਲਗਦੀ ਹੈ—

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ (ਪੰਨਾ-384)

ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥ (ਪੰ.-521)

ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ (ਪੰਨਾ-586)

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ (ਪੰਨਾ-756)

ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਵੀਆ ॥ (ਪੰ.-846)

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮਲੇ ॥ (ਪੰ.–975)

ਸੰਤ ਸੰਗਿ ਹੋਇ ਏਕ ਪਰੀਤਿ ॥ (ਪੰਨਾ–1146)

'ਅੰਮ੍ਰਿਤ' ਦੀ ਪ੍ਰਾਪਤੀ ਭੀ 'ਸਾਧਸੰਗਤ' ਦੁਆਰਾ ਹੀ ਹੁੰਦੀ ਹੈ—

ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥ (ਪੰਨਾ–91)

ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ (ਪੰਨਾ–173)

ਸਾਧਸੰਗਿ ਅੰਮ੍ਰਿਤੁ ਰਸੁ ਭੁੰਚਾ ॥ (ਪੰਨਾ–271)

ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥ (ਪੰਨਾ–299)

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ (ਪੰਨਾ–318)

ਸਾਧਸੰਗਿ ਹਰਿ ਅੰਮ੍ਰਿਤੁ ਪੀਜੈ ॥ (ਪੰਨਾ–563)

ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥ (ਪੰਨਾ–691)

ਸਾਧ ਸੰਗਤ ਦੁਆਰਾ ਪਾਪਾਂ ਤੋਂ ਛੁਟਕਾਰਾ ਹੁੰਦਾ ਹੈ—

ਸਾਧੂ ਕੈ ਸੰਗਿ ਪਾਪ ਪਲਾਇਨ ॥ (ਪੰਨਾ–271)

ਸਾਧਸੰਗਿ ਪਾਪਾ ਮਲੁ ਖੋਵੈ ॥ (ਪੰਨਾ–274)

ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥ (ਪੰਨਾ–652)

ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥ (ਪੰ.–666)

ਸੰਤ ਮੰਡਲ ਮਹਿ ਪਾਪ ਬਿਨਾਸਨੁ ॥ (ਪੰਨਾ–1146)

'ਸਾਧ ਸੰਗਤ' ਦੁਆਰਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਥਵਾ 'ਪੰਜੇ ਦੂਤ' ਵਸ ਵਿਚ ਹੁੰਦੇ ਹਨ—

ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ (ਪੰਨਾ–271)

ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ (ਪੰਨਾ–318)

ਸਾਧੂ ਸੰਗਤਿ ਦੀਓ ਰਲਾਇ ॥
ਪੰਚ ਦੂਤਿ ਤੇ ਲੀਓ ਛਡਾਇ ॥ (ਪੰਨਾ–331)

ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥ (ਪੰਨਾ–674)

ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ (ਪੰਨਾ–810)

ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਦਾਰਨਾ ॥ (ਪੰਨਾ–915)

ਸਾਧ ਸੰਗਤ ਦੁਆਰਾ 'ਦੂਜਾ ਭਾਉ' ਭੀ ਨਾਸ ਹੁੰਦਾ ਹੈ—

ਚਾਰ ਬਿਚਾਰ ਬਿਨਸਿਓ ਸਭ ਦੂਆ ॥
ਸਾਧ ਸੰਗਿ ਮਨੁ ਨਿਰਮਲ ਹੂਆ ॥ (ਪੰਨਾ–254)

ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥ (ਪੰਨਾ–296)

ਸਾਧ ਸੰਗਤ ਵਿਚ ਵਿਚਰਦਿਆਂ ਹੀ ਜਮਾਂ ਦੀ ਕਾਣ ਮਿਟਦੀ ਹੈ—

ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥ (ਪੰਨਾ–108)

ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥ (ਪੰਨਾ–456)

ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ
ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥ (ਪੰਨਾ–678)

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ (ਪੰ.–748)

ਸਾਧਸੰਗਿ ਜਮਦੂਤ ਨ ਭੇਟਨ ॥ (ਪੰਨਾ–760)

ਜਮਦੂਤੁ ਤਿਸੁ ਨਿਕਟਿ ਨ ਆਵੈ ॥
ਸਾਧਸੰਗਿ ਹਰਿ ਕੀਰਤਨੁ ਗਾਵੈ ॥ (ਪੰਨਾ–1079)

ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥ (ਪੰਨਾ–1146)

ਸਾਧ ਸੰਗਤ ਦੁਆਰਾ ਹੀ 'ਦੁਰਮਤ' ਨਾਸ ਹੁੰਦੀ ਹੈ ਅਤੇ ਬਿਬੇਕ ਬੁੱਧੀ ਪ੍ਰਦਾਨ ਹੁੰਦੀ ਹੈ—

ਸਾਧਸੰਗਤਿ ਮਿਲਿ ਬੁਧਿ ਬਿਬੇਕ ॥ (ਪੰਨਾ–377)

ਕਵਲ ਪ੍ਰਗਾਸ ਭਏ ਸਾਧ ਸੰਗੇ ਦੁਰਮਤਿ ਬੁਧਿ ਤਿਆਗੀ ॥ (ਪੰਨਾ–503)

ਵਡਭਾਗੀ ਸਾਧ ਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥ (ਪੰ.–618)

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥ (ਪੰ.–633)

ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥
(ਪੰਨਾ–881)

ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥
(ਪੰਨਾ–1263)

ਸਾਧ ਸੰਗਤ ਦੁਆਰਾ ਹੀ 'ਪ੍ਰਭੁ–ਮਾਰਗ' ਦੀ ਸੋਝੀ ਹੁੰਦੀ ਹੈ—

ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥ (ਪੰਨਾ–1122)

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ
ਮੋਹਿ ਮਾਰਗੁ ਦਿਖਲਾਵੈ ॥ (ਪੰਨਾ–1201)

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥ (ਪੰਨਾ–1371)

ਚਲਦਾ............